੦੭੮

ਅਨੰਦ ਸੰਸਕਾਰ

(ਲੇਖਕ: ਮਾ: ਜੁਗਿੰਦਰ ਸਿੰਘ)

ਮਾਨਯੋਗ ਸਾਧ ਸੰਗਤ ਜੀ

ਦੁਨੀਆਂ ਅੰਦਰ ਦਰਅਸਲ ਦੋ ਹੀ ਮਾਰਗ ਪ੍ਰਚਲਤ ਹਨ। ਇੱਕ ਮਾਰਗ ਦਾ ਨਾਮ ਹੈ ਪ੍ਰਵਿਰਤੀ ਮਾਰਗ ਭਾਵ ਗ੍ਰਿਹਸਤ ਮਾਰਗ। ਦੂਸਰੇ ਦਾ ਨਾਮ ਹੈ ਨਰਵਿਰਤੀ ਮਾਰਗ ਭਾਵ ਗ੍ਰਹਸਤ ਆਸ਼ਰਮ ਦਾ ਤਿਆਗ। ਨਰਵਿਰਤੀ ਮਾਰਗ ਵਾਲਿਆਂ ਨੇ ਆਪੋ ਆਪਣੇ ਖ਼ਿਆਲਾਂ ਅਨੁਸਾਰ ਇਸੇ ਮਾਰਗ ਵਿਚੋਂ ਬਹੁਤ ਸਾਰੀਆਂ ਪਗਡੰਡੀਆਂ ਬਣਾਈਆਂ ਹੋਈਆਂ ਹਨ ਜੋ ਦੇਖਣ ਵਾਲਿਆਂ ਨੂੰ ਅਣਗਿਣਤ ਮਤ-ਮਤਾਂਤਰ ਭਾਂਸ ਰਹੇ ਹਨ ਪ੍ਰੰਤੂ ਗੁਰੂ ਮਿਸ਼ਨ ਅਨੁਸਾਰ ਸਰਬ ਮਾਰਗ ਵਿਚੋਂ ਗ੍ਰਿਹਸਤ ਮਾਰਗ ਪ੍ਰਧਾਨ ਪੁਨਾ ਉੱਚਾ ਹੈ ਅਰ ਇਸੇ ਵਿਚ ਸਹਿਜ ਜੋਗ ਦੀ ਪ੍ਰਾਪਤੀ ਹੈ। ਜੈਸੇ ਭਾਈ ਗੁਰਦਾਸ ਜੀ ਆਪਣੀ ਬਾਣੀ ਅੰਦਰ ਫੁਰਮਾਉਂਦੇ ਹਨ: -

ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦ੍ਰ ਬਡੋ ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ॥
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ॥
ਪੰਛੀਅਨ ਮੈ ਹੰਸੁ ਮ੍ਰਿਗਰਾਜਨ ਮੈ ਸਾਰਦੂਲ ਰਾਗਨ ਮੈ ਸਿਰੀ ਰਾਗੁ ਪਾਰਸ ਬਖਾਨ ਹੈ॥
ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥ (ਕਬਿਤ ੩੭੬)

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਗ੍ਰਿਹਸਤ ਮਾਰਗ ਹਰ ਹਾਲਤ ਵਿਚ ਹੀ ਪ੍ਰਧਾਨ ਹੈ? ਇਸ ਪ੍ਰਸ਼ਨ ਦਾ ਉਤਰ ਦੇਣ ਤੋਂ ਪਹਿਲਾਂ ਮੈਂ ਇਹ ਤੁਕਾਂ ਆਪ ਜੀ ਦੀ ਦ੍ਰਿਸ਼ਟੀ ਗੋਚਰ ਕਰਦਾ ਹਾਂ: -

ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ॥ ਪੁਤ੍ਰ ਕਲਤ੍ਰ ਨਿਤ ਵੇਖੈ ਵਿਗਸੈ ਮੋਹਿ ਮਾਇਆ॥
ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ॥ ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ॥
ਨਾਨਕ ਵਿਣੁ ਨਾਵੈ ਧ੍ਰਿਗੁ ਮੋਹ ਜਿਤੁ ਲਗਿ ਦੁਖੁ ਪਾਇਆ॥ (੧੨੪੯)

ਏਹਨਾਂ ਤੁਕਾਂ ਦੇ ਵੀਚਾਰਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗ੍ਰਿਹਸਤ ਕੇਵਲ ਉਹੀ ਪ੍ਰਧਾਨ ਹੈ ਜੋ ਗੁਰੂ ਮਰਯਾਦਾ ਅਨੁਸਾਰ ਚਲੰਤ ਹੋਵੇ ਨਹੀਂ ਤਾਂ ਖ਼ਾਲਸਾ ਧਰਮੋਂ ਹੀਣ ਗ੍ਰਿਹਸਤ ਮਾਰਗ ਬਹੁਤ ਵੱਡਾ ਘੋਰ ਨਰਕ ਭਾਵ ਕਲੇਸ਼ਾਂ ਦਾ ਚਿਕੜ ਹੈ। ਗੁਰੂ ਆਸ਼ੇ ਅਨੁਸਾਰ ਗ੍ਰਿਹਸਤ ਧਰਮ ਕੀ ਹੈ? ਏਹ ਪਰਵਿਰਤੀ ਅਤੇ ਨਰਵਿਰਤੀ ਮਾਰਗ ਦੋਹਾਂ ਦਾ ਇਕੱਠ ਹੈ। ਜਿਸ ਤਰ੍ਹਾਂ ਗੁਰਬਾਣੀ ਅੰਦਰ ਆਇਆ ਹੈ: -

- ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥ (੧੦੭੦)

- ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ॥ ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ॥ (੧੨੪੯)

- ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (੯੩੮)

ਜਾਂ ਫਿਰ-

–ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥
ਬਾਹਰਿ ਸੂਤੁ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥ ਰਹਾਉ॥
ਮੁਖ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥ (੩੮੪)

ਏਨਾਂ ਤੁਕਾਂ ਤੋਂ ਇਹ ਗੱਲ ਚੰਗੀ ਤਰ੍ਹਾਂ ਨਿਰਨਯ ਹੁੰਦੀ ਹੈ ਕਿ ਗੁਰੂ ਆਸ਼ੇ ਅਨੁਸਾਰ ਗ੍ਰਿਹਸਤੀ ਦਾ ਜੀਵਨ ਕੰਵਲ ਫੁੱਲ ਅਤੇ ਮੁਰਗਾਬੀ ਦੀ ਨਿਆਈ ਹੈ ਜੋ ਪਾਣੀ ਵਿਚ ਰਹਿੰਦੇ ਪਾਣੀ ਤੋਂ ਬਿਲਕੁਲ ਨਿਰਲੇਪ ਹਨ ਜਾਂ ਦੂਸਰੇ ਸ਼ਬਦਾਂ ਵਿਚ ਗੁਰਸਿੱਖ ਆਪਣਾ ਜੀਵਨ ਇਸ ਤਰ੍ਹਾਂ ਬਤੀਤ ਕਰਦੇ ਹਨ ਜਿਸ ਤਰ੍ਹਾਂ ਸ਼ਹਿਰ ਦੀ ਮੱਖੀ ਫੁੱਲਾਂ ਦੀ ਸੁਗੰਧੀ ਦਾ ਅਨੰਦ ਮਾਣਦੀ ਹੋਈ ਉਨ੍ਹਾਂ ਵਿਚੋਂ ਰਸ ਨੂੰ ਇਕੱਤਰ ਕਰਦੀ ਹੋਈ ਫੁੱਲਾਂ ਵਿਚੋਂ ਰਸ ਲੈਣ ਗਈ ਫੁੱਲਾਂ ਵਿਚ ਖ਼ਚਤ ਹੋ ਕੇ ਆਪਣੀ ਜਾਨ ਨਹੀਂ ਗਵਾਉਂਦੀ। ਇਸ ਤੋਂ ਉਲਟ ਗੁਰਮਤਿ ਤੋਂ ਘੁੱਥੇ ਹੋਏ ਗ੍ਰਿਹਸਤੀ ਘਰੋਗੀ ਮੱਖੀ ਦੀ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਦੇ ਇਕੱਤਰ ਕੀਤੇ ਸ਼ਹਿਦ ਨੂੰ ਖਾਣ ਗਇਆਂ ਉਥੇ ਹੀ ਲੱਥ ਪੱਥ ਹੋ ਕੇ ਆਪਣੀ ਜਾਨ ਤੋਂ ਹੀ ਹੱਥ ਧੋ ਬੈਠਦੇ ਹਨ।

ਇਸ ਤੋਂ ਅੱਗੇ ਜ਼ਰਾ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਦੇ ਮੁਕਾਬਲੇ ਤੇ ਸੰਸਾਰ ਦੇ ਸਗਲ ਆਸ਼ਰਮਾਂ ਵੱਲ ਤੱਕੋ ਤੇ ਦੇਖੋ ਕਿ ਉਹ ਗੁਰੂ ਮਾਰਗ ਤੇ ਚੱਲ ਰਹੇ ਇੱਕ ਗ੍ਰਿਹਸਤੀ ਦੇ ਮੁਕਾਬਲੇ ਤੇ ਜਿਸ ਤਰ੍ਹਾਂ ਜਾਲਾਂ ਵਿਚ ਫਸੇ ਹੋਏ ਅਧੋਗਤੀ ਨੂੰ ਚਲੇ ਜਾਂਦੇ ਹਨ।

ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥ ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ॥
ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ॥
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ॥
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥ (੪੧੯)

ਗੁਰੂ ਸਾਹਿਬ ਨੇ ਉਕਤ ਸ਼ਬਦ ਵਿਖੇ ਸੰਸਾਰ ਭਰ ਦੇ ਮਤਾਂ-ਮਤਾਂਤਰਾਂ ਨਾਲ ਟਾਕਰਾ ਕਰਕੇ ਸਿੱਖ ਧਰਮ ਦੀ ਉੱਚਤਾ ਦਰਸਾਈ ਹੈ ਕਿ ਪੰਡਿਤ ਪਾਧੇ ਜੋਤਸ਼ੀਆਂ ਨੇ ਅਨੇਕਾਂ ਰਾਹ ਨਿਕਾਲੇ ਹਨ। ਕੋਈ ਆਪਣੇ ਆਪ ਨੂੰ ਜੋਗੀ, ਕੋਈ ਭੋਗੀ, ਕੋਈ ਪੰਡਿਤ, ਕੋਈ ਜੋਤਸ਼ੀ, ਕੋਈ ਤਪੀ, ਕੋਈ ਜਤੀ ਕਹਾਉਂਦੇ ਹਨ ਪ੍ਰੰਤੂ ਉਹ ਸਾਰੇ ਭੁੱਲੇ ਹੋਏ ਹਨ: –

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥ (੪੬੯)

ਦੇ ਆਸ਼ੇ ਅਨੁਸਾਰ ਆਪਣੇ ਟਬਰਾਂ ਨੂੰ ਛੱਡ ਕੇ ਸਿਰੀਂ ਸੁਆਹ ਪਾ ਮੰਗਦੇ ਫਿਰਦੇ ਨੇ ਪ੍ਰੰਤੂ ਗੁਰੂ ਮਿਸ਼ਨ ਏਹ ਹੈ: –

ਸਚਿ ਸਿਮਰਿਐ ਹੋਵੈ ਪਰਗਾਸੁ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ॥

ਸਤਿਗੁਰ ਕੀ ਐਸੀ ਵਡਿਆਈ॥ ਪੁੜ੍ ਕਲੜ੍ ਵਿਚੇ ਗਤਿ ਪਾਈ॥ (੬੬੧)

ਇਸ ਤੋਂ ਉਲਟ ਜਤੀ ਕਹਾਉਣ ਵਾਲਿਆਂ ਦੀ ਇਹ ਦਸ਼ਾ ਵੇਖੀ ਜਾਂਦੀ ਹੈ–

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥ (੧੦੧੨)

ਭਾਵ ਉਹ ਦਰ ਦਰ ਟੁੱਕਰ ਮੰਗਦੇ ਸ਼ਰਮਿੰਦੇ ਹੁੰਦੇ ਅਤੇ ਬਿਗਾਨੀਆਂ ਇਸਤਰੀਆਂ ਵੱਲ ਤੱਕਦੇ ਫਿਰਦੇ ਹਨ । ਇਸੇ ਲਈ ਗੁਰੂ ਸਾਹਿਬ ਫੁਰਮਾਉਂਦੇ ਹਨ: –

ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥ (੫੯੭)

ਮੰਗ ਖਾਣੇ ਸਾਧਾਂ ਨਾਲੋਂ ਗ੍ਰਿਹਸਤੀ ਉਤਮ ਹਨ ਜਿਨ੍ਹਾਂ ਅੱਗੇ ਸਭ ਨੂੰ ਆ ਕੇ ਹੱਥ ਅੱਡਣੇ ਪੈਂਦੇ ਹਨ । ਪ੍ਰੰਤੂ ਇਹ ਜੁਗਤੀ ਪੂਰੇ ਸਤਿਗੁਰੂ ਦੀ ਸ਼ਰਨ ਆਇਆਂ ਹੀ ਪ੍ਰਾਪਤ ਹੋ ਸਕਦੀ ਹੈ ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (੫੨੨)

ਗ੍ਰਿਹਸਤ ਧਰਮ ਦੇ ਅਸੂਲ ਸਭ ਤੋਂ ਉੱਚੇ ਸਿੱਧ ਕਰਨ ਲਈ ਇਕ ਹੋਰ ਸ਼ਬਦ ਮੈਂ ਭੇਟ ਕਰਦਾ ਹਾਂ, ਧਿਆਨ ਦੇ ਕੇ ਸੁਣੋ–

ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਪਨ ਕਾ ਮਾਠਾ॥ ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥
ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ॥
ਜੀਅ ਕੀ ਕੈ ਪਹਿ ਬਾਤ ਕਹਾ॥ ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ॥ਰਹਾਉ॥
ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ॥
ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ॥
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ॥
ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ॥
ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ॥
ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ॥
ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ॥ (੧੦੦੨)

ਇਸ ਸ਼ਬਦ ਦੇ ਵਿਚਾਰਨ ਤੋਂ ਵੀ ਗ੍ਰਿਹਸਤ ਧਰਮ ਦੀ ਉੱਚਤਾ ਸਾਫ਼ ਤੌਰ 'ਤੇ ਸਪੱਸ਼ਟ ਹੈ ।

ਗੁਰੂ ਸਾਹਿਬਾਨ ਨੇ ਗ੍ਰਿਹਸਤ ਮਾਰਗ ਦੀ ਉੱਚਤਾ ਨੂੰ ਅਮਲੀ ਜਾਮਾ ਪਹਿਨਾਉਣ ਹਿਤ ਖ਼ੁਦ ਸ਼ਾਦੀਆਂ ਕਰਵਾਈਆਂ। ਪੂਰਨ ਗ੍ਰਿਹਸਤੀ ਰਹਿ ਕੇ ਤਪਸਵੀਆਂ ਸਨਿਆਸੀਆਂ, ਉਦਾਸੀਆਂ, ਬ੍ਰਹਮਚਾਰੀਆਂ ਅਤੇ ਭਗਉਤੀਆਂ ਆਦਿ ਸਰਬਤ ਨੂੰ ਜੋ ਆਪਣੇ ਘਰ ਬਾਰ ਤਜ ਕੇ ਬਿਗਾਨੇ ਦਰਾਂ ਅੱਗੇ ਨੱਚਦੇ ਫਿਰਦੇ ਸੀ, ਇਸ ਤਰ੍ਹਾਂ ਦੀ ਸਿੱਖਿਆ ਦਿੱਤੀ: –

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ॥ ਪੂਜਾ ਕਰਹਿ ਬਹੁਤੁ ਬਿਸਥਾਰਾ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ॥ ਅੰਤਰ ਕੀ ਮਲੁ ਕਬ ਹੀ ਨ ਜਾਏ॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ॥ਰਹਾਉ॥
ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥
ਘੂਘਰ ਬਾਧਿ ਬਜਾਵਹਿ ਤਾਲਾ॥ ਅੰਤਰਿ ਕਪਟੁ ਫਿਰਹਿ ਬੇਤਾਲਾ॥
ਵਰਮੀ ਮਾਰੀ ਸਾਪੁ ਨ ਮੂਆ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ॥
ਪੂੰਅਰ ਤਾਪ ਗੇਰੀ ਕੇ ਬਸਤ੍ਰਾ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥

ਦੇਸੁ ਛੋਡਿ ਪਰਦੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥
ਕਾਨ ਫਰਾਇ ਹਿਰਾਏ ਟੂਕਾ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥ ਵੇਸਿ ਨ ਪਾਈਐ ਮਹਾ ਦੁਖਿਆਈ॥
ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥ ਹੁਕਮੁ ਨ ਬੂਝੈ ਵਿਆਪਿਆ ਮਮਤਾ॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ॥ ਪੂਛਹੁ ਸਗਲ ਬੇਦ ਸਿੰਮ੍ਰਿਤੇ॥
ਮਨਮੁਖ ਕਰਮ ਕਰੈ ਅਜਾਈ॥ ਜਿਉ ਬਾਲੂ ਘਰ ਠਉਰ ਨ ਠਾਈ॥
ਜਿਸ ਨੋ ਭਏ ਗੋਬਿੰਦੁ ਦਇਆਲਾ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ॥
ਕੋਟਿ ਮਧੇ ਕੋਈ ਸੰਤੁ ਦਿਖਾਇਆ॥ ਨਾਨਕੁ ਤਿਨ ਕੈ ਸੰਗਿ ਤਰਾਇਆ॥ (੧੩੪੭)

ਸਿਧਾਂਤ ਕੀ ਗ੍ਰਿਹਸਤ ਮਾਰਗ ਸਭ ਤੋਂ ਉੱਚਾ ਅਰ ਮਹਾਂ ਸ੍ਰੇਸ਼ਠ ਹੈ। ਇਸ ਦੇ ਨਿਭਾਉਣ ਦੀ ਜੁਗਤੀ ਗੁਰੂ ਮਤ ਅਨੁਸਾਰ ਅਨੰਦ ਮਰਿਯਾਦਾ ਹੈ ਜਿਸ ਦਾ ਉੱਚ ਭਾਵ ਸੂਹੀ ਰਾਗ ਵਿਖੇ ਦਿੱਤੀਆਂ ਗਈਆਂ ਚਾਰੇ ਲਾਵਾਂ ਤੋਂ ਸਪੱਸ਼ਟ ਹੈ:-

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥੧॥ (੭੭੩)

ਪਹਿਲੀ ਲਾਵ ਦਾ ਭਾਵ-ਗ੍ਰਿਹਸਥ ਆਸ਼ਰਮ ਪਰਵਿਰਤੀ ਮਾਰਗ ਹੈ, ਇਸ ਨੂੰ ਵੱਡੀ ਖੋਜ ਭਾਲ ਅਤੇ ਪੂਰਨ ਵੀਚਾਰ ਸਹਿਤ ਗ੍ਰਹਿਣ ਕਰਕੇ ਪਕਿਆਂ ਕਰਨਾ ਚਾਹੀਦਾ ਹੈ। ਤੁਸਾਂ ਨੂੰ ਗੁਰਬਾਣੀ ਅਨੁਸਾਰ ਵਰਤੋਂ ਕਰਦੇ ਹੋਏ ਖ਼ਾਲਸਾ ਧਰਮ ਵਿਖੇ ਤਤਪਰ ਰਹਿਣਾ ਹੋਵੇਗਾ। ਕਿਉਂ ਜੋ ਕੇਵਲ ਖ਼ਾਲਸਾ ਧਰਮ ਧਾਰਨੇ ਸੇ ਪਰਵਿਰਤੀ ਵਿਚੋਂ ਹੀ ਨਿਰਵਿਰਤੀ ਮਾਰਗ ਮਿਲਦਾ ਹੈ ਅਤੇ ਸਗਲ ਪਾਪ ਤਜੇ ਜਾ ਸਕਦੇ ਹਨ।

ਤੁਸੀਂ ਖ਼ਾਲਸਾ ਧਰਮ ਪਰ ਪੂਰਨ ਨਿਸ਼ਚਾ ਰੱਖ ਕੇ ਕਰਤਾਰ ਦਾ ਸਿਮਰਨ ਕਰਨਾ । ਪੁਨਾ ਨਾਮ ਅਭਿਆਸ ਕਰਦੇ ਹੋਏ ਪਰਵਿਰਤੀ ਵਿਚ ਨਿਰਲੇਪ ਰਹਿਣਾ । ਇਸ ਮਾਰਗ ਤੇ ਚੱਲਣ ਕਰਕੇ ਹੀ ਸਹਿਜ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾਮ ਰਸ ਦੀ ਮਿਠਤਾ ਭਾਉਂਦੀ ਹੈ । ਇਸੇ ਲਈ ਅਨੰਦ ਮਰਿਯਾਦਾ ਰਚੀ ਹੈ ।

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥

ਦੂਜੀ ਲਾਵ ਦਾ ਭਾਵ ਇਹ ਹੈ ਕਿ ਤੁਹਾਨੂੰ ਖ਼ਾਲਸਾ ਧਰਮ ਧਾਰਨ ਹਿਤ ਗੁਰੂ ਮਿਲਾਪ ਬਖਸ਼ਿਆ ਹੈ, ਉਸ ਗੁਰੂ ਦਾ ਨਿਰਮਲ ਭਉ ਮਨ ਵਿਚ ਵਸਾਉਣਾ ਜਿਸ ਦੇ ਵਸਾਉਣ ਕਰਕੇ ਹਉਮੈਂ ਹੰਕਾਰ ਦੀ ਮੈਲ ਸੁਤੇ ਸਿਧ ਦੂਰ ਹੋ ਜਾਵੇਗੀ। ਸਦਾ ਹਰੀ ਦੇ ਗੁਣ ਗਾਉਣੇ ਅਤੇ ਉਸ ਸਰਬ ਸ਼ਕਤੀਮਾਨ ਕਰਤਾਰ ਨੂੰ ਹਰ ਥਾਂ ਹਾਜ਼ਰ ਨਾਜ਼ਰ ਦੇਖਣਾ। ਉਹ ਤੁਹਾਡੇ

ਕਰਤਬਾਂ ਨੂੰ ਹਰ ਥਾਂ ਵੇਖ ਰਿਹਾ ਹੈ ਇਸ ਲਈ ਖ਼ਾਲਸਾ ਧਰਮ ਵਿਰੁੱਧ ਕੋਈ ਕਰਮ ਨਹੀਂ ਕਰਨਾ। ਜੇ ਆਪ ਇਸ ਹੁਕਮ ਦੀ ਪਾਲਣਾ ਕਰੋਗੇ ਤਾਂ ਆਪ ਨੂੰ ਅਨਾਹਤ ਸ਼ਬਦ ਪ੍ਰਾਪਤ ਹੋਵੇਗਾ।

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥

ਤੀਸਰੀ ਲਾਵ ਦਾ ਭਾਵ-ਤੁਸੀਂ ਉਤਸ਼ਾਹ ਪੂਰਤ ਵੈਰਾਗ ਦੇ ਧਾਰਨੀ ਬਣਨਾ ਜੋ ਗੁਰੂ ਸੰਗਤ ਮਿਲਾਪ ਤੋਂ ਵਡਭਾਗੀਆਂ ਨੂੰ ਮਿਲਦਾ ਹੈ। ਵੈਰਾਗ ਹੀ ਕਰਤਾਰ ਦਾ ਮੁਲ ਕਰਾਉਂਦਾ ਹੈ। ਇਹ ਨਿਰਮਲ ਵੈਰਾਗ ਗੁਰਬਾਣੀ ਦੇ ਕੀਰਤਨ ਤੋਂ ਉਪਜਦਾ ਹੈ। ਇਹ ਕੀਰਤਨ ਦੀ ਉੱਚ ਦਾਤ ਵੱਡੇ ਭਾਗਾਂ ਕਰਕੇ ਗੁਰੂ ਸੰਗਤ ਵਿਚੋਂ ਮਿਲਦੀ ਹੈ। ਗੁਰਬਾਣੀ ਕੀਰਤਨ ਕਥਾ ਉਪਮਾ ਅਕਥਨੀ ਹੈ। ਗੁਰਬਾਣੀ ਦੇ ਕੀਰਤਨ ਨਾਲ ਹੀ ਹਿਰਦੇ ਅੰਦਰ ਨਾਮ ਅਭਿਆਸ ਦੀ ਧੁਨ ਉਪਜਦੀ ਹੈ। ਜਿਨ੍ਹਾਂ ਦੇ ਅਤੀ ਉੱਤਮ ਭਾਗ ਹਨ ਉਹ ਕੀਰਤਨ ਦੁਆਰਾ ਨਾਮ ਜਾਪ ਵਿਚ ਮਗਨ ਰਹਿੰਦੇ ਹਨ। ਇਹੀ ਸਚਾ ਤੇ ਸੁੱਚਾ ਵੈਰਾਗ ਹੈ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥ (੪)

ਚੌਥੀ ਲਾਵ ਦਾ ਭਾਵ-ਚੌਥੀ ਅਵਸਥਾ ਮਨ ਵਿਚ ਪਰਮ ਅਨੰਦ ਅਰ ਹਰੀ ਦਾ ਮੇਲ ਹੈ ਜਿਨ੍ਹਾਂ ਨੂੰ ਗ੍ਰਹਿਸਤ ਮਾਰਗ ਵਿਚ ਗੁਰੂ ਮਿਲਿਆ ਹੈ ਤਿਨ੍ਹਾਂ ਦੇ ਮਨ ਵਿਚ ਹੀ ਹਰੀ ਨਾਮ ਮਿੱਠਾ ਲੱਗਾ ਹੈ। ਜਿਨ੍ਹਾਂ ਨੇ ਸਤਿਗੁਰੂ ਦੀ ਕ੍ਰਿਪਾ ਨਾਲ ਇਕ ਰਸ ਕਰਤਾਰ ਨਾਲ ਲਿਵ ਲਾਈ ਹੈ ਉਨ੍ਹਾਂ ਗੁਰਮੁਖਾਂ ਨੇ ਹੀ ਮਨ ਬਾਂਛਤ ਫਲ ਪਾਏ ਹਨ ਅਤੇ ਵਾਹਿਗੁਰੂ ਦੇ ਮੇਲ ਕਰਕੇ ਮਨ ਵਿਚ ਅਤਿਅੰਤ ਖੁਸ਼ੀਆਂ ਵਜ ਰਹੀਆਂ ਹਨ। ਤੁਹਾਡਾ ਇਹ ਕਾਜ ਅਕਾਲ ਪੁਰਖ ਦੀ ਮਿਹਰ ਨਾਲ ਸੰਬੰਧਿਤ ਹੈ ਜਿਸ ਤੋਂ ਵਿਹਾਰ ਅਰ ਪ੍ਰਮਾਰਥ ਦੋਵੇਂ ਸਿਧ ਹੁੰਦੇ ਹਨ। ਮਨੁੱਖਾ ਜਨਮ ਦਾ ਲਾਹਾ ਹੀ ਅਬਿਨਾਸੀ ਪ੍ਰਭੂ ਦੀ ਪ੍ਰਾਪਤੀ ਹੈ ਜੋ ਖ਼ਾਲਸਾ ਧਰਮ ਧਾਰਨ ਕੀਤਿਆਂ ਸੁਤੇ ਸਿੱਧ ਹੀ ਪੂਰਨ ਹੋ ਜਾਂਦਾ ਹੈ।

ਇਸ ਭਾਵ ਨੂੰ ਸੰਖੇਪ ਕਰਕੇ ਐਉਂ ਆਖਿਆ ਜਾ ਸਕਦਾ ਹੈ: -

੧) ਆਪਦੇ ਆਪਣੇ ਸਿੱਖ ਧਰਮ ਵਿਚ ਦ੍ਰਿੜ੍ਹ ਰਹਿਣਾ, ਕਾਰਜ ਗੁਰਮਤ ਅਨੁਸਾਰ ਕਰਨੇ ।

੨) ਗੁਰਮਤਿ ਦੁਆਰਾ ਅਕਾਲ ਪੁਰਖ ਨੂੰ ਆਪਣਾ ਪ੍ਰਮੇਸ਼ਰ ਮੰਨਣਾ ਤੇ ਨਾਮ ਵਿਚ ਪਰਵਿਰਤ ਹੋਣਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਦੀ ਗੁਰੂ ਸਮਾਨ ਪੂਜਾ ਨਹੀਂ ਕਰਨੀ ।

੩) ਜਾਤ, ਕੁਲ, ਦੇਸ਼ ਦਾ ਅਹੰਕਾਰ ਛੱਡ ਪੰਥ ਵਿਚ ਰਲ ਵਰਤਣਾ ਤੇ ਕੁਸੰਗਤ ਦਾ ਤਿਆਗ ਕਰਨਾ ।

੪) ਗ੍ਰਹਿਸਤ ਆਸ਼ਰਮ ਵਿਚ ਪ੍ਰਸਪਰ ਪ੍ਰੇਮ ਪੂਰਵਕ ਸਮਾਂ ਬਿਤਾਂਦੇ ਹੋਏ ਵੱਡੇ-ਵੱਡੇ ਕਾਰਜ ਇੱਕ ਦੂਜੇ ਦੀ ਸਲਾਹ ਨਾਲ ਕਰਨੇ ।